ਦਫਤਰ ਜ਼ਿਲ੍ਹਾ ਸਿੱਖਿਆ ਅਫਸਰ (ਸੈ:ਸਿ) ਬਠਿੰਡਾ।

ਵੱਲ

ਸਬੰਧਤ ਸਕੂਲ ਮੁੱਖੀ,
ਸਸਸਸ/ਏਡਿਡ/ਪ੍ਰਾਈਵੇਟ ਸਕੂਲ/ਪ੍ਰਾਈਵੇਟ ਇੰਸਚੀਟਿਊਟਸ,
ਜ਼ਿਲ੍ਹਾ ਬਠਿੰਡਾ

ਪੱਤਰ ਨੰ: ਜੀ-5/1()/2024/1442 ਮਿਤੀ:ਬਠਿੰਡਾ 06-11-2024

ਵਿਸ਼ਾ- ਪੋਸਟ ਮੈਟ੍ਰਿਕ ਸਕਾਲਰਸ਼ਿਪ ਫਾਰ ਐਸ.ਸੀ ਸਟੂਡੈਂਟਸ ਸਕੀਮ ਤਹਿਤ ਵੱਖ-ਵੱਖ ਅਦਾਰਿਆਂ ਦੀ ਪੈਡਿੰਗ ਅਦਾਇਗੀ ਸਬੰਧੀ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਪੋਸਟ ਮੈਟ੍ਰਿਕ ਸਕਾਲਰਸ਼ਿਪ ਫਾਰ ਐਸ.ਸੀ ਸਾਲ 2017-18 ਤੋਂ 2019-20 ਦੇ ਵਿਦਿਆਰਥੀਆਂ ਦਾ ਡਾਟਾ ਨਾਲ ਨੱਥੀ ਕਰਨ ਉਪਰੰਤ ਭੇਜਿਆ ਜਾਂਦਾ ਹੈ ਕਿ ਸਬੰਧਤ ਵਿਦਿਆਰਥੀਆਂ ਨੂੰ ਉਪਰੋਕਤ ਸਾਲਾਂ ਦੀ ਵਜੀਫੇ ਦੀ ਅਦਾਇਗੀ ਹੋਈ ਹੈ ਜਾਂ ਨਹੀਂ।ਜੇਕਰ ਕਿਸੇ ਵਿਦਿਆਰਥੀ ਦੀ ਵਜੀਫੇ ਦੀ ਅਦਾਇਗੀ ਪੈਡਿੰਗ ਹੈ ਤਾਂ ਸਬੰਧਤ ਵਿਦਿਆਰਥੀ ਦੀ ਡਿਟੇਲ ਦਫਤਰ ਵੱਲੋਂ ਬਣਾਏ ਗਏ ਗੂਗਲ ਫਾਰਮ ਵਿੱਚ ਭਰੀ ਜਾਵੇ।ਇਹ ਸੂਚਨਾ ਕੱਲ ਮਿਤੀ 07-11-2024 ਨੂੰ ਸਕੂਲ ਛੱਡਣ ਤੋਂ ਪਹਿਲਾਂ - ਪਹਿਲਾਂ ਭਰੀ ਜਾਵੇ।ਜੇਕਰ ਕਿਸੇ ਸਕੂਲ ਵੱਲੋਂ ਸੂਚਨਾ ਨਹੀਂ ਭਰੀ ਜਾਂਦੀ ਤਾਂ ਸਮਝ ਲਿਆ ਜਾਵੇਗਾ ਕਿ ਉਸ ਸਕੂਲ ਦੇ ਸਾਰੇ ਵਿਦਿਆਰਥੀਆਂ ਨੂੰ ਵਜੀਫੇ ਦੀ ਅਦਾਇਗੀ ਹੋ ਗਈ ਹੈ ਅਤੇ ਇਹ ਸਰਟੀਫਿਕੇਟ ਵੀ ਦਿੱਤਾ ਜਾਵੇ ਕਿ ਕਿਸੇ ਵੀ ਵਿਦਿਆਰਥੀ ਦੇ ਡੀ.ਐਮ.ਸੀ /ਸਰਟੀਫਿਕੇਟ ਆਪ ਵੱਲੋਂ ਨਹੀਂ ਰੋਕੇ ਗਏ।ਜੇਕਰ ਕਿਸੇ ਵਿਦਿਆਰਥੀ ਦੇ ਸਰਟੀਫਿਕੇਟ ਰੋਕੇ ਗਏ ਹਨ ਤਾਂ ਕਾਰਨ ਸਹਿਤ ਸਪਸ਼ਟੀਕਰਨ ਦਿੱਤਾ ਜਾਵੇ।ਸਰਟੀਫਿਕੇਟ ਦੀ ਕਾਪੀ ਵੀ ਨਾਲ ਨੱਥੀ ਕਰਕੇ ਭੇਜੀ ਜਾਂਦੀ ਹੈ।ਸਰਟੀਫਿਕੇਟ ਸਾਰੀਆਂ ਸੰਸਥਾਵਾਂ ਵੱਲੋਂ ਦੇਣਾ ਜਰੂਰੀ ਹੈ।ਇਹ ਸਰਟੀਫਿਕੇਟ ਇਸ ਦਫਤਰ ਦੀ Email ID: scholarshipmamta21@gmail.com ਤੇ ਭੇਜਣਾ ਯਕੀਨੀ ਬਣਾਇਆ ਜਾਵੇ।

ਗੂਗਲ ਫਾਰਮ ਲਿੰਕ:
https://forms.gle/JfKMC1W3qBR4sbSr7

ਜ਼ਿਲ੍ਹਾ ਸਿੱਖਿਆ ਅਫਸਰ(ਸੈ:ਸਿ)
ਬਠਿੰਡਾ